LTA SERVES



# ਮੇਰਾ ਭਾਈਚਾਰਾ, ਮੇਰਾ ਟੈਨਿਸ

**ਤੁਹਾਡੇ ਭਾਈਚਾਰੇ ਦੇ ਦਿਲਾਂ ਵਿੱਚ ਟੈਨਿਸ ਲਈ ਥਾਂ ਬਣਾਉਣੀ**

**LTA SERVES ਵਿਕਾਸ ਪ੍ਰੋਗਰਾਮ ਲਈ ਸਾਡੀ ਸਨੱਅਤ ਦੀ ਆਗੂ ਖੇਡ ਹੈ, ਜੋ ਟੈਨਿਸ ਲਈ ਸਥਾਨਕ ਭਾਈਚਾਰਿਆਂ ਦੇ ਦਿਲਾਂ ਵਿੱਚ ਥਾਂ ਬਣਾਉਂਦੀ ਹੈ। ਇਹ ਪ੍ਰੋਗਰਾਮ ਟੈਨਿਸ ਅਤੇ ਇਸਦੇ ਫ਼ਾਇਦਿਆਂ ਨੂੰ ਉਹਨਾਂ ਥਾਵਾਂ ਤੱਕ ਲਿਜਾਂਦਾ ਹੈ, ਜਿੱਥੇ ਇਸ ਤੋਂ ਪਹਿਲਾਂ ਇਹ ਕਦੀ ਵੀ ਖੇਡੀ ਨਹੀਂ ਗਈ ਸੀ ਅਤੇ ਹੋ ਸਕਦਾ ਹੈ, ਉਹਨਾਂ ਲੋਕਾਂ ਤੱਕ ਵੀ, ਜਿਹਨਾਂ ਨੇ ਕਦੀ ਰੈਕੇਟ ਨਹੀਂ ਚੁੱਕਿਆ ਹੋਣਾ ਜਾਂ ਸੋਚਿਆ ਵੀ ਨਹੀਂ ਹੋਣਾ ਕਿ ਟੈਨਿਸ ਉਹਨਾਂ ਲਈ ਸੀ।**

LTA SERVES ਆਪਣਾ ਪੂਰਾ ਧਿਆਨ ਵੰਨ-ਸੁਵੰਨੇ ਪਿਛੋਕੜਾਂ ਅਤੇ ਅੱਤ-ਪੱਛੜੇ ਭਾਈਚਾਰਿਆਂ ਦੇ 4-18 ਸਾਲ ਦੇ ਬੱਚਿਆਂ ਅਤੇ ਨੌਜੁਆਨਾਂ 'ਤੇ ਲਾਉਂਦਾ ਹੈ। ਵੱਖ-ਵੱਖ ਥਾਵਾਂ ਵਿਖੇ ਟੈਨਿਸ ਖਿਡਾਈ ਜਾਂਦੀ ਹੈ, ਇਸ ਵਿੱਚ ਭਾਈਚਾਰਕ ਸੈਂਟਰ, ਯੂਥ ਕਲੱਬ, ਕੌਂਸਲ ਅਤੇ ਹਾਉਸਿੰਗ ਐਸਟੇਟਾਂ, ਮਸਜਿਦਾਂ, ਗੁਰਦੁਆਰੇ, ਮੰਦਰਾਂ ਅਤੇ ਚਰਚਾਂ ਦੇ ਹਾੱਲ ਸ਼ਾਮਿਲ ਹਨ।

'ਟੈਨਿਸ ਐਕਟੀਵੇਟਰ' ਬਣਨ ਲਈ, ਅਸੀਂ ਸਥਾਨਕ ਲੋਕਾਂ ਨੂੰ ਜ਼ਿੰਮੇਵਾਰੀ ਦੇਕੇ ਅਤੇ ਵਾਧੂ ਮੁਹਾਰਤਾਂ ਸਿਖਾਕੇ ਭਾਈਚਾਰਿਆਂ ਨੂੰ ਸਮਰੱਥ ਬਣਾਉਂਦੇ ਅਤੇ ਤਿਆਰ ਕਰਦੇ ਹਾਂ, ਇਸਦੇ ਨਾਲ ਹੀ ਉਹਨਾਂ ਨੂੰ ਆਪਣੇ ਬੱਚਿਆਂ ਅਤੇ ਨੌਜੁਆਨਾਂ ਨੂੰ ਸਵੈ-ਭਰੋਸੇ ਨਾਲ ਟੈਨਿਸ ਦੇ ਸੈਸ਼ਨ ਡਿਲੀਵਰ ਕਰਨ ਦੇ ਸਮਰੱਥ ਬਣਾਉਂਦੇ ਹਾਂ।

LTA SERVES ਸਮਾਜ 'ਤੇ ਅਸਰ ਪਾਉਣ ਵਾਲੇ 'ਸਵੈ-ਭਰੋਸਾ', 'ਸਿਹਤ ਅਤੇ ਭਲਾਈ' ਅਤੇ 'ਭਾਈਚਾਰਿਆਂ ਨੂੰ ਇਕੱਠਾ ਕਰਨ' ਵਰਗੇ ਵਿਸ਼ਿਆਂ ਨਾਲ ਬੱਚਿਆਂ ਅਤੇ ਨੌਜੁਆਨਾਂ, ਜਿਹਨਾਂ ਨੂੰ ਕੁਝ ਵੱਡੇ ਮਸਲਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਨਾਲ ਨਜਿੱਠਣ ਲਈ ਮਦਦ ਵਾਸਤੇ ਉਹਨਾਂ ਦੇ ਵਿਕਾਸ ਅਤੇ ਸਮਝ ਵਿੱਚ ਮਦਦ ਕਰਦਾ ਹੈ।




## ਅਸੀਂ ਤੁਹਾਨੂੰ ਕੀ ਪੇਸ਼ਕਸ਼ ਦੇ ਸਕਦੇ ਹਾਂ?

**ਸਾਡੇ LTA SERVES ਪੈਕੇਜ ਸਥਾਨਕ ਭਾਈਚਾਰਿਆਂ ਨੂੰ ਟੈਨਿਸ ਤੱਕ ਮੁਫ਼ਤ ਪਹੁੰਚ ਮੁਹੱਈਆ ਕਰਦੇ ਹਨ।**

### ਹਲਕਾ ਪੈਕੇਜ:

**ਹਰ ਸਾਲ ਘੱਟੋ-ਘੱਟ 12 ਹਫ਼ਤਿਆਂ ਲਈ ਟੈਨਿਸ ਡਿਲੀਵਰ ਕਰੋ ਅਤੇ ਪ੍ਰਾਪਤ ਕਰੋ:**

- ਟੈਨਿਸ ਐਕਟੀਵੇਟਰ ਲਈ ਮੁਫ਼ਤ ਸਿਖਲਾਈ
- ਟੈਨਿਸ ਦੇ ਸਮਾਨ ਵਾਲ਼ਾ ਮੁਫ਼ਤ ਪੈਕ
- ਫ਼ੰਡ ਇਕੱਠੇ ਕਰਨ ਅਤੇ ਆਮਦਨ ਕਮਾਉਣ ਲਈ ਮੁਫ਼ਤ ਸਹਾਇਤਾ
- ਟੈਨਿਸ ਖੇਡਣ ਲਈ ਵਿਆਪਕ ਮੌਕਿਆਂ ਤੱਕ ਪਹੁੰਚ
- ਸਾਡੀ ਟੀਮ ਤੋਂ ਸਹਾਇਤਾ ਸਬੰਧੀ ਮੀਟਿੰਗਾਂ
- ਫ਼ੌਰੀ ਅਤੇ ਅਸਾਨ ਜਿਹਾ SERVES ਸਰਵੇ ਭਰੋ (ਤਿਮਾਹੀ)

### ਮਿਆਰੀ ਪੈਕੇਜ:

**ਹਰ ਸਾਲ ਘੱਟੋ-ਘੱਟ 36 ਹਫ਼ਤਿਆਂ ਲਈ ਟੈਨਿਸ ਡਿਲੀਵਰ ਕਰੋ ਅਤੇ ਹਲਕੇ ਪੈਕੇਜ ਦੀਆਂ ਸਾਰੀਆਂ ਪੇਸ਼ਕਸ਼ਾਂ ਪ੍ਰਾਪਤ ਕਰੋ, ਇਸਦੇ ਨਾਲ ਹੀ:**

- ਮੁਫ਼ਤ ਸੋਸ਼ਲ ਇੰਪੈਕਟ ਟੂਲਕਿਟ ਤੱਕ ਪਹੁੰਚ
- ਟੈਨਿਸ ਲੀਡਰਸ ਕੋਰਸ ਤੱਕ ਪਹੁੰਚ (11-18 ਸਾਲ)
- ਟੈਨਿਸ ਐਕਟੀਵੇਟਰਾਂ ਲਈ ਸਲਾਹ-ਮਸ਼ਵਰੇ ਬਾਰੇ ਸਹਾਇਤਾ
- ਟੈਨਿਸ ਦੀ ਕੋਚਿੰਗ ਲਈ ਯੋਗਤਾ ਗ੍ਰਾਂਟਾਂ ਤੱਕ ਪਹੁੰਚ

## ਸ਼ਾਮਿਲ ਹੋਵੋ:

ਇਸ ਬਾਰੇ ਹੋਰ ਪਤਾ ਲਾਉਣ ਅਤੇ ਆਪਣੇ ਭਾਈਚਾਰੇ ਨੂੰ ਸ਼ਾਮਿਲ ਕਰਨ ਲਈ, ਇਸ ਵੈੱਬਸਾਈਟ 'ਤੇ ਜਾਓ: **www.lta.org.uk/SERVES**

LTA SERVES